## ਵਿਸ਼ਾ-ਮਨੋਵਿਗਿਆਨ

**ਸਮਾਂ 3 :ਘੰਟੇ** **ਲਿਖਤੀ ਪੇਪਰ :7 0ਅੰਕ**

**ਪ੍ਰੋਜੈਕਟ /ਅਤਰਿਕ ਮੁਲਾਂਕਣ :3 0ਅੰਕ**

**ਕੁੱਲ 100 :ਅੰਕ**

### ਪ੍ਰਸ਼ਨ ਪੱਤਰ ਦੀ ਰੂਪਰੇਖਾ-

.1ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ।
.2ਪ੍ਰਸ਼ਨ ਪੱਤਰ ਚਾਰ ਭਾਗਾਂ ਵਿੱਚ ਵੰਡਿਆ ਹੋਵੇਗਾ। ਹਰ ਭਾਗ ਸਾਰੇ ਪਾਠਕ੍ਰਮ ਤੇ ਅਧਾਰਿਤ ਹੋਵੇਗਾ।-

**ਭਾਗ-I** ਵਿੱਚ ਵੀਹ (2 1) ਬਹੁਸਕੰਲਪੀ ਪ੍ਰਸ਼ਨ (0ਤੋਂ 2 (0ਪੁੱਛੇ ਜਾਣਗੇ। ਹਰ ਪ੍ਰਸ਼ਨ ਇੱਕ **ਅੰਕ** ਦਾ ਹੋਵੇਗਾ।

20 ×1 = 20

**ਭਾਗ-II** ਵਿੱਚ ਦਸ (10) ਵਸਤੂਨਿਸ਼ਠ ਪ੍ਰਸ਼ਨ 21 ਤੋਂ (30ਪੁੱਛੇ ਜਾਣਗੇ। ਹਰ ਇੱਕ ਅੰਕ ਦਾ ਹੋਵੇਗਾ। ਵਸਤੂਨਿਸ਼ਠ ਪ੍ਰਸ਼ਨ ਇੱਕ ਸ਼ਬਦ ਤੋਂ ਇਕ ਵਾਕ ਤੱਕ ਦੇ ਉੱਤਰ ਵਾਲੇ ਜਾਂ ਹਾਂ/ਨਾਂ ਜਾਂ ਖਾਲੀ ਥਾਂ ਭਰੋ ਜਾਂ ਠੀਕ/ਗਲਤ ਕਿਸੇ ਵੀ ਤਰ੍ਹਾਂ ਦੇ ਹੋ ਸਕਦੇ ਹਨ।

10 ×1 = 10

**ਭਾਗ -III** ਵਿੱਚ ਅੱਠ (8) ਛੋਟੇ ਉੱਤਰਾਂ ਵਾਲੇ ਪ੍ਰਸ਼ਨ (31 ਤੋ 38) ਪੁੱਛੇ ਜਾਣਗੇ ਹਰ ਪ੍ਰਸ਼ਨ ਦੋ ਅੰਕ ਦਾ ਹੋਵੇਗਾ। ਜਿਸ ਦਾ ਉੱਤਰ 50- 60 ਸਬਦਾਂ ਵਿੱਚ ਹੋਵੇਗਾ। 8 ×2=16

**ਭਾਗ -IV** ਵਿੱਚ ਚਾਰ (4) ਵੱਡੇ ਉੱਤਰਾਂ ਵਾਲੇ ਪ੍ਰਸ਼ਨ (39 ਤੋ 42) ਪੁੱਛੇ ਜਾਣਗੇ ਹਰ ਪ੍ਰਸ਼ਨ ਛੇ ਅੰਕ ਦਾ ਹੋਵੇਗਾ। ਜਿਸ ਦਾ ਉੱਤਰ 70- 80 ਸਬਦਾਂ ਵਿੱਚ ਹੋਵੇਗਾ। ਸਾਰੇ ਪ੍ਰਸਨਾ ਵਿੱਚ ਅੰਦਰੂਨੀ ਛੋਟ ਹੋਵੇਗੀ।

4 ×6=24

ਭਾਗ (ੳ)

1. ਵਾਧੇ ਨੂੰ ਮਾਪਿਆ ਜਾ ਸਕਦਾ ਹੈ ਜਦਕਿ ਵਿਕਾਸ ਨੂੰ ...........ਜਾ ਸਕਦਾ ਹੈ।

(1) ਮਾਪਿਆ (2) ਦੇਖਿਆ (3) ਸੁਣਿਆ (4) ਚਖਿਆ

2. ਕਿਸ਼ੋਰ ਅਵਸਥਾ ਦਾ ਸਮਾਂ ਹੁੰਦਾ ਹੈ।

(1) 12 ਤੋਂ 16 ਅਤੇ 15 ਤੋਂ 21 ਸਾਲ ਤੱਕ (2) 11 ਤੋਂ 17 ਅਤੇ 13 ਤੋਂ 17 (3) 3 ਤੋਂ 6 ਅਤੇ 6 ਤੋਂ 12

3. ਜਦੋਂ..............ਆ ਜਾਂਦੀ ਹੈ ਤਾਂ..............ਰੁਕ ਜਾਂਦਾ ਹੈ ਜਦੋਂ ਕਿ ........ਨਹੀ ਰੁਕਦਾ ਬਲਕਿ ਸਾਰੀ ਉਮਰ ਜਾਰੀ ਰਹਿੰਦਾ ਹੈ

(1) ਵਾਧਾ ਪ੍ਰੱਪਕਤਾ ਵਿਕਾਸ (2) ਪ੍ਰਪੱਕਤਾ ਵਿਕਾਸ,ਵਾਧਾ (3) ਵਿਕਾਸ,ਵਾਧਾ,ਪ੍ਰਪੱਕਤਾ (4) ਪ੍ਰਪੱਕਤਾ,ਵਾਧਾ,ਵਿਕਾਸ

4. ਸ਼ਿਸ਼ੂ ਅਵਸਥਾ ਦਾ ਸਮਾ..............ਸਾਲ ਤੱਕ ਹੁੰਦਾ ਹੈ।

(1) ਤਿੰਨ (2) ਪੰਜ (3) ਸੱਤ

5. ਕੋਈ ਸੰਵੇਗ ਇੱਕ ਭਾਵ ਹੈ ਅਤੇ ਉਸੇ ਸਮੇ ਇੱਕ ਕ੍ਰਿਆਤਮਕ ਰੂਪ ਹੈ ਇਹ ਸ਼ਬਦ ਕਿਸ ਦੇ ਹਨ।

(1) ਯੰਗ (2) ਵੁੱਡਵਰਥ (3) ਬੋਰਿੰਗ ਅਤੇ ਫੀਲਡ

6. ਡੁਰ ਦਾ ਸੰਵੇਗ ਸਭ ਤੋ ਪਹਿਲਾ ਕਿਹੜੀ ਅਵਸਥਾ ਵਿੱਚ ਉਤਪੰਨ ਹੁੰਦਾ ਹੈ।

(1) ਕਿਸ਼ੋਰ ਅਵਸਥਾ (2) ਬਾਲ ਅਵਸਥਾ (3) ਬਾਲਗ ਅਵਸਥਾ

7. ...........ਦੇ ਅਨੁਸਾਰ ਖੁਸ਼ੀ, ਮੁਸਕਰਾਉਣਾ ਆਦਿ ਸੰਵੇਗ 6-7 ਮਹੀਨਿਆ ਵਿੱਚ ਉਤਪੰਨ ਹੋ ਜਾਂਦਾ ਹੈ।

(1) ਵੁੱਡਵਰਥ (2) ਲਿਊਬਾ (3) ਗੇਟਸ (4) ਯੰਗ

8. ਜ਼ੇਮਜ-ਲਾਂਜੇ ਦਾ ਸੰਵੇਗ ਬਾਰੇ ਸਿਧਾਂਤ ਕਦੋ ਦਿੱਤਾ ਗਿਆ।

(1) 1880 (2) 1927 (3) 1934 (4) 1942

9. ਬਾਲ ਅਪਰਾਧ ਸਮਾਜ ਵਿਰੋਧੀ ਪ੍ਰਗਟਾਇਆ ਜਾਣ ਵਾਲਾ ਵਿਵਹਾਰ ਹੈ ਇਹ ਸ਼ਬਦ ਕਿਸ ਨੇ ਕਹੇ?

(1) ਸੇਠਨਾ (2) ਹੈਡਫੀਲਡ (3) ਲੇਮੈਨ

10. ਬਾਲ ਅਪਚਾਰਤਾ ਨੂੰ ਕਿਸ ਵਿਧੀ ਰਾਹੀ ਠੀਕ ਕੀਤਾ ਜਾ ਸਕਦਾ ਹੈ?

(1) ਕੀਮੋਥਰੈਪੀ (2) ਮਨੋਵਿਸ਼ਲੇਸ਼ਨ (3) ਉਹਨਾ ਦੀਆ ਲੋੜਾਂ ਪੂਰੀਆਂ ਕਰਕੇ

11. ਵਿਅਕਤੀ ਦੇ ਸੰਵੇਗਾਂ ਦਾ ਪ੍ਰਗਟਾਵਾ ਅਤੇ ਉਹਨਾ ਨੂੰ ਕੰਟਰੋਲ ਕਰਨਾ ਉਸ ਦੀ .........ਸਿਹਤ ਤੇ ਪ੍ਰਭਾਵ ਪਾਉਦਾ ਹੈ।

(1) ਸਰੀਰਕ (2) ਮਾਨਸਿਕ (3) ਬੋਧਿਕ

12. ਸਵੈ ਕਲਪਨਾ ਕਿੰਨੇ ਪ੍ਰਕਾਰ ਦੀ ਹੁੰਦੀ ਹੈ?

(1) ਦੋ (2) ਚਾਰ (3) ਛੇ (4) ਅੱਠ

13. ਬੁੱਧੀ ਦਾ ਦੋ ਕਾਰਕੀ ਸਿਧਾਂਤ ਕਦੋ ਦਿੱਤਾ ਗਿਆ ?

(1) 1927 (2) 1904 (3) 1912 (4) 1942

14. ਬੁੱਧੀ ਲਚਕੀਲੇ ਸਮਾਯੋਜਨ ਦੀ ਯੋਗਤਾ ਹੈ ਇਹ ਸ਼ਬਦ ਕਿਸ ਨੇ ਕਹੇ?

(1) ਸਪੀਅਰਮੈਨ (2) ਥਰਸਟਨ (3) ਬਰਟ (4) ਜਲੋਟਾ

15. ਬੁੱਧੀ ਦਾ ਬਹੁ ਕਾਰਕੀ ਸਿਧਾਂਤ ਕਿਸ ਦੁਆਰਾ ਦਿੱਤਾ ਗਿਆ?

(1) ਸਪੀਅਰਮੈਨ (2) ਥਰਸਟਨ (3) ਬਰਟ

16. ਬੁੱਧੀ ਫਲ ਸ਼ਬਦ ਦੀ ਵਰਤੋ ਸਭ ਤੋ ਪਹਿਲਾ ਕਿਸ ਨੇ ਕੀਤੀ?

(1) ਸਪੀਅਰਮੈਨ (2) ਵਿਲੀਅਮ ਸਟਰਨ (3) ਬਰਟ (4) ਥਰਸਟਨ

17. ਵਿਅਕਤੀ ਦਾ ਵਾਤਾਵਰਨ ਦੇ ਨਾਲ ਪੱਕੇ ਤੌਰ ਤੇ ਸਮਾਯੋਜਨ ਨੂੰ ਸ਼ਕਸ਼ੀਅਤ ਕਿਹਾ ਜਾਂਦਾ ਹੈ ਇਹ ਸ਼ਬਦ ਕਿਸ ਦੇ ਹਨ?

(1) ਵੁੱਡਵਰਥ (2) ਬੋਰਿੰਗ (3) ਆਈਜ਼ੈਂਕ

18. ਸ਼ਖਸੀਅਤ ਬਾਰੇ ਸੈਲਫ ਦਾ ਸਿਧਾਂਤ ਕਿਸ ਦੁਆਰਾ ਦਿੱਤਾ ਗਿਆ ਹੈ।

(1) ਕਾਰਲ ਰੋਜਰ (2) ਫੋਮ (3) ਕੈਟਲ

19. ਸਟੈਟਿਸ ਵਿਕਾਸ ਖੋਜ ਕਰਨ ਦਾ ਇੱਕ ਅਜੇਹਾ ਯੰਤਰ ਹੈ ਜਿਹੜਾ ਤੱਥਾਂ ਦੇ ਸੰਗ੍ਰਹਿ ਅਤੇ ਵਿਆਖਿਆ ਦੀਆਂ ਵਿਧੀਆਂ ਨਾਲ ਸਬੰਧ ਰੱਖਦਾ ਹੈ।ਇਹ ਸ਼ਬਦ ਕਿਸ ਨੇ ਕਹੇ?

(1) ਬਾਡਲੇ (2) ਟਾਟੇ (3) ਲੋਵਿਟ

20. ਰੇਂਜ ਕਿਸ ਦੇ ਬਰਾਬਰ ਹੈ?

(1) ਰੇਂਜ=ਉਪਰਲਾ ਸਕੋਰ+ਹੇਠਲਾ ਸਕੋਰ

(2) ਰੇਂਜ=ਉਪਰਲਾ ਸਕੋਰ-ਹੇਠਲਾ ਸਕੋਰ

(3) ਰੇਂਜ=ਉਪਰਲਾ ਸਕੋਰ÷ ਹੇਠਲਾ ਸਕੋਰ

## ਭਾਗ ਅ)

21. ਵਾਧੇ ਅਤੇ ਵਿਕਾਸ ਵਿੱਚ ਕੋਈ ਇੱਕ ਅੰਤਰ ਲਿਖੋ?

22. ਵਾਧੇ ਅਤੇ ਵਿਕਾਸ ਨੂੰ ਕਿੰਨੇ ਪੜਾਵਾ ਵਿੱਚ ਵੰਡਿਆ ਗਿਆ ਹੈ?

23. ਇੱਕ ਸੈੱਲ ਵਿੱਚ ਕਿੰਨੇ ਕਰੋਮੋਜ਼ੋਮਜ਼ ਹੁੰਦੇ ਹਨ?

24. ਸੰਵੇਗ ਪੈਦਾ ਹੋਣ ਤੋ ਬਾਦ ਕਦੋਂ ਖਤਮ ਹੁੰਦੇ ਹਨ?

25. ਗੁੱਸਾ ਇੱਕ ਰਿਣਾਤਮਕ ਸੰਵੇਗ ਹੁੰਦਾ ਹੈ (ਸਹੀ/ ਗਲਤ)

26. ਬੱਚਿਆ ਦੇ ਸੰਵੇਗ ਕਦੇ ਨਹੀ ਬਦਲਦੇ (ਸਹੀ/ ਗਲਤ)

27. ਲੜਕੀਆਂ ਨਾਲੋਂ ਲੜਕੇ ਬਾਲ ਅਪਰਾਧ ਜ਼ਿਆਦਾ ਕਰਦੇ ਹਨ (ਸਹੀ/ ਗਲਤ)

28. ਸਮਾਯੋਜਨਾ ਸਰੀਰਕ ਮਾਨਸਿਕ ਸਿਹਤ ਦੀ ਸਭ ਤੋ ਵੱਡੀ ਵਿਸ਼ੇਸਤਾ ਹੈ।(ਸਹੀ/ ਗਲਤ)

29. ਬੁੱਧੀ ਜਮਾਂਦਰੂ ਕੁਦਰਤੀ ਸ਼ਕਤੀ ਹੈ ਇਸ ਨੂੰ ਆਪਣੀ ਮਰਜ਼ੀ ਨਾਲ ਵਧਾਇਆ ਜਾ ਸਕਦਾ ਹੈ (ਸਹੀ/ ਗਲਤ)

30. ਵਿਰਸੇ ਦੀ ਕੋਈ ਇੱਕ ਪ੍ਰੀਭਾਸ਼ਾ ਲਿਖੋ।

(ਭਾਗ-ੲ)

31. ਸ਼ਿਸੂ ਅਵਸਥਾ ਦੀ ਵਿਆਖਿਆ ਕਰੋ।

32. ਵਾਧੇ ਅਤੇ ਵਿਕਾਸ ਦੀ ਕੋਈ ਦੋ ਸਮਾਜਿਕ ਵਿਸ਼ੇਸਤਾਵਾ ਲਿਖੋ।

33. ਸੰਵੇਗ ਸਮੇਂ ਵਿਅਕਤੀ ਦੇ ਅੰਦਰ ਅਤੇ ਸਵੈ ਨਾੜੀ ਸੰਸਥਾਨ ਵਿੱਚ ਕੀ ਵਿਘਨ ਪੈਦਾ ਹੈ?

34. ਅਲਫਾ ਦਿਮਾਗ ਤਰੰਗਾ ਕੀ ਹੁੰਦੀਆਂ ਹਨ?

35. ਬਾਲ ਅਪਰਾਧ ਦੇ ਕਿਸੇ ਇੱਕ ਕਾਰਨ ਦੀ ਵਿਆਖਿਆ ਕਰੋ?

36. ਵਿਰਸੇ ਦੇ ਸਮਾਨਤਾ ਦੇ ਨਿਯਮ ਦੀ ਵਿਆਖਿਆ ਕਰੋ?

37. ਸ਼ਖਸੀਅਤ ਦੀ ਕੋਈ ਇੱਕ ਵਿਸੇਸਤਾ ਲਿਖੋ।

38. ਗਰੁਪਡ ਡੈਟਾ ਲਈ ਮੀਨ ਦਾ (mean) ਫਾਰਮੂਲਾ ਲਿਖੋ।

(ਭਾਗ-ਸ)

39. ਬੁੱਧੀ ਦੇ ਦੋ ਕਾਰਕ ਸਿਧਾਂਤ ਦੀ ਵਿਆਖਿਆ ਕਰੋ

ਜਾਂ

ਬੁੱਧੀ ਦੇ ਵਿਕਾਸ ਵਿੱਚ ਵਿਰਸਾ ਜ਼ਿਆਦਾ ਮਹੱਤਵਪੂਰਨ ਹੈ ਜਾਂ ਵਾਤਾਵਰਣ, ਦਲੀਲ ਸਹਿਤ ਲਿਖੋ।

40. ਸ਼ਖਸੀਅਤ ਤੋ ਕੀ ਭਾਵ ਹੈ? ਇਸ ਦੀਆਂ ਵਿਸ਼ੇਸ਼ਤਾਵਾ ਲਿਖੋ।

ਜਾਂ

ਸ਼ਖਸ਼ੀਅਤ ਦੇ ਮਨੋ ਵਿਸ਼ੇਲਸ਼ਨ ਸਿਧਾਂਤ ਦੀ ਵਿਆਖਿਆ ਕਰੋ।

41. ਹੇਠ ਲਿਖੇ ਡੈਟਾ ਤੋ ਮੱਧਮਾਨ (mean) ਕੱਢੋ।

| c-i | f |
|---|---|
| 19 - 21 | 1 |
| 16 - 18 | 3 |
| 13- 15 | 5 |
| 10 - 12 | 4 |
| 7 - 9 | 2 |
| 4 - 6 | 1 |

N = 16

ਜਾਂ

ਉੱਪਰ ਦਿੱਤੇ ਡੈਟਾਂ ਤੋ ਮੱਧ ਅੰਕਮਾਨ (median) ਕਢੋ।

42. ਹੇਠ ਲਿਖੇ ਡੈਂਟਾ ਦਾ ਚਤੁਰਥ ਅੰਸ਼ (QD) ਵਿਚਲਨ ਕੱਢੋ.

| c-i | F |
|---|---|
| 70 - 71 | 2 |
| 68 - 69 | 2 |
| 66 - 67 | 3 |
| 64 - 65 | 4 |
| 62 - 63 | 6 |
| 60 - 61 | 7 |
| 58 - 59 | 5 |
| 56 - 57 | 4 |
| 54 - 55 | 2 |
| 52 - 53 | 3 |
| 50 - 51 | 2 |

N = 40

ਜਾਂ

ਉੱਪਰ ਦਿੱਤੇ ਡੈਂਟਾ ਤੋਂ ਪ੍ਰਮਾਣਕ ਵਿਚਲਨ (S.D) ਕੱਢੋ।